## UNIT:4.2 ਰੇਡੀਓ ਜਾਂ ਟੈਲੀਵਿਜ਼ਨ ਲਈ ਇੰਟਰਵਿਊ ਤਿਆਰ ਕਰਨ ਦੇ ਹੁਨਰ ਨੂੰ ਸਿੱਖਣਾ

ਟੈਲੀਵਿਜ਼ਨ ਅੱਜ ਵਿਸ਼ਵ ਭਰ ਅੰਦਰ ਇਕ ਸਭ ਤੋਂ ਵੱਧ ਪ੍ਰਭਾਵੀ ਤੇ ਹਰਮਨਪਿਆਰਾ ਜਨ ਮਾਧਿਅਮ, ਅਜਿਹੀ ਸਥਿਤੀ ਵਿਚ ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਵਿਚ ਟੀ. ਵੀ ਦੀ ਭੂਮਿਕਾ ਨੂੰ ਨਕਾਰਿਆ ਨਹੀਂ ਜਾ ਸਕਦਾ। ਪਿਛਲੇ ਕੁਝ ਦਹਾਕਿਆਂ ਵਿਚ ਵਿਸ਼ਵ ਅੰਦਰ ਖ਼ਾਸ ਕਰਕੇ ਟੀ. ਵੀ ਦਾ ਤੇਜ਼ੀ ਨਾਲ ਵਿਕਾਸ ਹੋਇਆ ਹੈ।

ਟੈਲੀਵਿਜ਼ਨ ਸ਼ਬਦ ਭਾਸ਼ਾ ਦੇ ਸ਼ਬਦ ਟੈਲੀ (ਦੂਰੀ) ਤੋਂ ਲੈਟਿਨ ਭਾਸ਼ਾ ਦੇ ਸ਼ਬਦ ਵਿਜ਼ਨ (ਮੈਂ ਵੇਖਦਾ ਹਾਂ) ਨੂੰ ਮਿਲਾ ਕੇ ਬਣਿਆ ਹੈ। ਹਜ਼ਾਰਾਂ ਮੀਲ ਦੀ ਦੂਰੀ ਤੇ ਕੀ ਵਾਪਰ ਰਿਹਾ ਹੈ, ਉਸਨੂੰ ਅਸੀਂ ਪਰਦੇ ਤੇ ਵੇਖ ਸਕਦੇ ਹਾਂ। ਜਾਣੀ ਟੀ. ਵੀ ਉੱਪਰ ਉਹ ਹੀ ਦਿਖਾਈ ਦਿੰਦਾ ਹੈ ਜੋ ਕਿ ਸਾਨੂੰ ਕੈਮਰਾ ਦਿਖਾਉਣਾ ਚਾਹੁੰਦਾ ਹੈ। ਘਟਨਾਵਾਂ ਅਤੇ ਖ਼ਬਰਾਂ ਤੋਂ ਇਲਾਵਾ ਕਈ ਤਰ੍ਹਾਂ ਦੇ ਪ੍ਰੋਗਰਾਮ ਵੀ ਟੀ. ਵੀ ਉੱਪਰ ਆਉਂਦੇ ਹਨ ਜਿਵੇਂ :- ਧਾਰਾਵਾਹਿਕ ਫ਼ਿਲਮਾਂ, ਗੀਤ ਸੰਗੀਤ, ਪ੍ਰਸ਼ਨ ਉੱਤਰ, ਪਹੇਲੀਆਂ ਆਦਿ। ਟੈਲੀਵਿਜ਼ਨ ਕੈਮਰਾ, ਟ੍ਰਾਂਸਮੀਟਰ ਅਤੇ ਕਮਰੇ ਵਿਚ ਰੱਖੇ ਟੈਲੀਵਿਜ਼ਨ ਯੰਤਰ ਦੀ ਸਹਾਇਤਾ ਨਾਲ ਪ੍ਰਸਾਰਿਤ ਦ੍ਰਿਸ਼, ਪ੍ਰੋਗਰਾਮ ਸਟੂਡੀਓ ਜਾਂ ਘਟਨਾ ਸਥਾਂ ਤੋਂ ਸਾਡੇ ਤਾਈਂ ਪਹੁੰਚਾਉਂਦੇ ਹਨ। ਜਿਨ੍ਹਾਂ ਯੰਤਰਾਂ ਅਤੇ ਉਪਕਰਨਾਂ ਨਾਲ ਪ੍ਰੋਗਰਾਮ ਨੂੰ ਪ੍ਰਸਾਰਿਤ ਕਰਨਾ ਸੰਭਵ ਹੁੰਦਾ ਹੈ। ਉਸਨੂੰ ਹਾਰਡਵੇਅਰ ਕਿਹਾ ਜਾਂਦਾ ਹੈ ਜਿਵੇਂ ਕੈਮਰਾ, ਸਪੈਸ਼ਲ ਇਫੈਕਟ ਜੈਨਰੇਟਰ, ਸਾਈਕਲੋਟਨ, ਪੈਨਸੌਲ ਆਦਿ।

ਇਕ ਚੰਗੇ ਟੀ. ਵੀ. ਇੰਟਰਵਿਊ ਵਿਚ ਹੇਠ ਲਿਖੇ ਗੁਣ ਹੋਣੇ ਚਾਹੀਦੇ ਹਨ :-

- ਸੰਖੇਪਤਾ
- ਸੱਪਸ਼ਟਤਾ
- ਸਰਲਤਾ

→ ਇੰਟਰਵਿਊ ਵਿਚ ਪੁੱਛੇ ਜਾਣ ਵਾਲੇ ਪ੍ਰਸ਼ਨ ਇਹੋ ਜਿਹੇ ਹੋਣੇ ਚਾਹੀਦੇ ਹਨ ਜੋ ਸਰੋਤਿਆਂ ਦਾ ਧਿਆਨ ਆਕਰਸ਼ਿਤ ਕਰਨ।

→ ਇੰਟਰਵਿਊ ਆਪਣੇ ਆਪ ਵਿਚ ਸਪਸ਼ਟ ਅਤੇ ਪੂਰਨ ਹੋਣੇ ਚਾਹੀਦੇ ਹਨ।

→ ਇੰਟਰਵਿਊ ਅੰਦਰ ਰੋਚਕਤਾ ਹੋਣੀ ਜ਼ਰੂਰੀ ਹੈ।

→ ਇੰਟਰਵਿਊ ਵਿਚ ਵਿਸ਼ੇ ਨਾਲ ਸੰਬੰਧਿਤ ਦਿੱਤੀ ਜਾਣ ਵਾਲੀ ਜਾਣਕਾਰੀ ਪ੍ਰਮਾਣਿਤ ਹੋਣੀ ਚਾਹੀਦੀ ਹੈ।

→ ਇੰਟਰਵਿਊ ਵਿਚ ਪੁੱਛੇ ਜਾਣ ਵਾਲੇ ਪ੍ਰਸ਼ਨਾਂ ਵਿਚ ਨਾਟਕੀਅਤਾ ਹੋਣਾ ਜ਼ਰੂਰੀ ਹੈ। ਸੰਦੇਸ਼ ਦੀ ਨਾਟਕੀ ਪ੍ਰਸਤੁਤੀ ਉਸ ਵਿਚ ਸਜੀਵਤਾ ਅਤੇ ਰੋਚਕਤਾ ਉਤਪੰਨ ਕਰਦੀ ਹੈ।

Scanned with CamScanner